 ISSN: 2583-9446

# 'MAIN ANDHULE KI TEK TERA NAAM KHUNDKARA' : BHAGAT NAAMDEV JI

# 'ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ' : ਭਗਤ ਨਾਮਦੇਵ ਜੀ

**ਗੁਰਸਾਹਿਬ ਸਿੰਘ** (Gurshaib Singh)

**ਸਹਾਇਕ ਪ੍ਰੋਫੈਸਰ** (Assistant Professor)

**ਪੰਜਾਬੀ ਵਿਭਾਗ, ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਰਸਾ (ਹਰਿਆਣਾ)**

Email ID: goldy.sidhusirsa@gmail.com ਮੋਬਾਈਲ: +91-9416414001

**ABSTRACT**

ਭਗਤੀ ਦਾ ਕੇਂਦਰ ਬਾਣੀ ਹੋਣਾ ਅਤੇ ਤਾਰਕਿਕ ਪੱਖ ਇਸ ਨੂੰ ਵਿਲੱਖਣ ਰੂਪ ਬਖ਼ਸ਼ਦਾ ਹੈ। ਨਾਮ ਸਿਮਰਨ ਅਤੇ ਸ਼ਬਦ ਇਸ ਦਾ ਮੁੱਖ ਰਾਹ ਹੈ। ਸ਼ਬਦ ਦੀ ਵਿਚਾਰ ਇਸ ਦਾ ਤਰਕ ਪੱਖ ਹੈ ਜੋ ਮਨੁੱਖ ਨੂੰ ਬਾਣੀ ਨਾਲ ਜੋੜਦਾ ਹੈ। ਇਸ ਤਰ੍ਹਾਂ ਤਰਕ ਰਾਹੀਂ ਪੈਦਾ ਹੋਇਆ ਵਿਸ਼ਵਾਸ ਮਨੁੱਖ ਦੇ ਵਿਅਕਤੀਤਵ ਦਾ ਹਿੱਸਾ ਬਣ ਜਾਂਦਾ ਹੈ। ਉਹ ਕਰਮਕਾਂਡੀ ਨਹੀਂ ਰਹਿੰਦਾ। ਇਸ ਤਰ੍ਹਾਂ ਆਦਰਸ਼ ਅਤੇ ਅਮਲ ਵਿੱਚ ਕੋਈ ਵਿੱਥ ਨਹੀਂ ਰਹਿੰਦੀ ਅਤੇ ਮਨੁੱਖ ਦੀ ਕਹਿਣੀ ਅਤੇ ਕਰਨੀ ਇੱਕ ਹੋ ਜਾਂਦੀ ਹੈ। ਭਗਤ ਨਾਮਦੇਵ ਜੀ ਦੀ ਭਗਤੀ ਸਾਧਨਾ ਦਾ ਇੱਕ ਸੁਖਾਵਾਂ ਤੇ ਮਿੱਠਾ ਫਲ ਉਹਨਾਂ ਵੱਲੋਂ ਪ੍ਰਚਾਰਿਆਂ ਸਮਾਜਿਕ ਕੀਮਤਾਂ ਹਨ ਤੇ ਇਹ ਸੱਚ ਮਨੁੱਖੀ ਸਮਾਨਤਾ ਤੇ ਮਨੁੱਖੀ ਏਕਤਾ ਪਿਆਰ ਵਾਲਾ ਭਾਵ ਇਨਸਾਨੀ ਖੁੱਲ ਤੇ ਸਰਬੱਤ ਦੇ ਭਲੇ ਉੱਪਰ ਅਧਾਰਿਤ ਹਨ। ਇਹ ਅੱਜ ਵੀ ਉੱਨ੍ਹੀਆਂ ਹੀ ਪ੍ਰਸੰਗਕ ਹਨ ਜਿੰਨੀਆਂ ਕਿ ਪਹਿਲਾਂ ਸਨ। ਭਗਤ ਜੀ ਦੀ ਬਾਣੀ ਦਾ ਆਦਰਸ਼ ਪਰਮ ਸੱਤ ਵਿੱਚ ਅਭੇਦ ਹੋਣਾ ਹੈ ਇਸ ਲਈ ਕੁਦਰਤੀ ਹੈ ਕੀ ਉਸ ਵਰਗਾ ਹੋਣ ਲਈ ਆਪਣੇ ਵਿੱਚ ਉਹੋ ਜਿਹੇ ਗੁਣ ਪੈਦਾ ਕੀਤੇ ਜਾਣ ਇਹ ਗੁਣ ਜ਼ਿੰਦਗੀ ਤੋਂ ਭੱਜ ਕੇ ਜਾਂ ਸੰਨਿਆਸ ਲੈ ਕੇ ਪੈਦਾ ਨਹੀਂ ਕੀਤੇ ਜਾ ਸਕਦੇ ਇਹਨਾਂ ਨੂੰ ਤਾਂ ਜਲ ਵਿੱਚ ਕਮਲ ਫੁੱਲ ਦੀ ਤਰ੍ਹਾਂ ਰਹਿੰਦਿਆਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

***ਕੀਵਰਡ : ਦਾਰਸ਼ਨਿਕ, ਸਭਿਅਤਾਵਾਂ, ਅਦਵੈਤਵਾਦ ,ਸਾਹਿਤਕਤਾ, ਰਾਗ।***

ਭਗਤੀ ਲਹਿਰ ਦੇ ਜਨਮ ਦੇ ਪਿੱਛੇ ਇੱਕ ਖ਼ਾਸ ਦਾਰਸ਼ਨਿਕ ਸਿਧਾਂਤ ਸੀ। ਬਾਹਰਲੀਆਂ ਸਭਿਅਤਾਵਾਂ ਦੇ ਪ੍ਰਭਾਵ ਕਰਕੇ ਆਮ ਲੋਕ ਭਾਰਤੀ ਸੰਸਕ੍ਰਿਤੀ ਦੇ ਮੂਲ ਸਿਧਾਂਤ ਤੋਂ ਦੂਰ ਹੋ ਰਹੇ ਸਨ ਅਤੇ ਕਰਮ-ਕਾਂਡਾਂ ਦੇ ਜਾਲ ਵਿੱਚ ਫਸ ਰਹੇ ਸਨ। ਅਧਿਆਤਮਿਕਤਾ ਅਤੇ ਸਦਾਚਾਰ ਤੋਂ ਬਿਲਕੁਲ ਸੱਖਣੇ ਹੋ ਰਹੇ ਸਨ। ਦੂਜੇ ਪਾਸੇ ਬਾਹਰਲੇ ਹਮਲਿਆਂ ਕਰਕੇ ਭਾਰਤੀ ਲੋਕਾਂ ਤੇ ਇਸਲਾਮ ਦਾ ਪ੍ਰਭਾਵ ਪੈ ਰਿਹਾ ਸੀ। ਇਹਨਾਂ ਸਾਰੇ ਮਾਰੂ ਪ੍ਰਭਾਵਾਂ ਕਾਰਨ ਹੀ ਭਗਤੀ ਲਹਿਰ ਦਾ ਜਨਮ ਹੋਇਆ, ਇਸ ਲਹਿਰ ਨੇ ਨਵੇਂ ਦਾਰਸ਼ਨਿਕ ਸਿਧਾਂਤਾਂ ਨੂੰ ਜਨਮ ਦਿੱਤਾ। *'ਸਹੀ ਅਰਥਾਂ ਵਿੱਚ ਭਗਤੀ ਨੂੰ ਦਾਰਸ਼ਨਿਕ ਅਧਾਰ ਭਗਤੀ ਆਚਾਰੀਆਂ ਨੇ ਦਿੱਤਾ ਜਿਨ੍ਹਾਂ ਵਿੱਚੋਂ ਸ਼ੰਕਰਾਚਾਰੀਆ ਦਾ ਵਿਸ਼ੇਸ਼ ਉਲੇਖ ਕੀਤਾ ਜਾ ਸਕਦਾ ਹੈ। ਸ਼ੰਕਰਾਚਾਰੀਆ ਦੇ ਅਦਵੈਤਵਾਦ ਦੇ ਸਿਧਾਂਤ ਨੂੰ ਲੈ ਕੇ ਵਿਭਿੰਨ ਸੰਪਰਦਾਵਾਂ ਹੋਂਦ ਵਿੱਚ ਆਈਆਂ।'*[1]

ਇਸ ਲਹਿਰ ਦਾ ਦਰਸ਼ਨ ਵਧੇਰੇ ਕਰਕੇ ਸਿਧਾਂਤਕ ਅਤੇ ਤਰਕ ਭਰਪੂਰ ਸੀ। ਭਗਤੀ ਲਹਿਰ ਦੇ ਭਗਤਾਂ ਦੀ ਬਾਣੀ ਵਿੱਚ ਧਰਮ ਨਿਰਪੱਖ ਕੀਮਤਾਂ ਤੇ ਵਧੇਰੇ ਜ਼ੋਰ ਸੀ। ਭਾਵ ਇਹਨਾਂ ਨੇ ਧਰਮ ਲਈ ਬਰਾਬਰਤਾ ਤੇ ਸਤਿਕਾਰ ਨੂੰ ਤਰਜੀਹ ਦਿੱਤੀ। 'ਭਗਤਾਂ ਦਾ ਸੰਬੰਧ ਨਿਮਨ ਵਰਗਾਂ/ਜਾਤੀਆਂ ਨਾਲ ਰਿਹਾ ਹੈ। ਇਸੇ ਲਈ ਇਹ ਕਿਸੇ ਸ਼ਾਸਤਰ ਜਾਂ ਸਿਧਾਂਤ ਦੇ ਅਨੁਭਵ ਤੋਂ ਵਾਂਝੇ ਰਹੇ ਹਨ। ਇਸ ਤਰ੍ਹਾਂ ਇਹਨਾਂ ਦੇ ਸਾਹਿਤ ਦਾ ਸਾਹਿਤ, ਭਾਸ਼ਾ, ਵਿਆਕਰਨ ਆਦਿ ਦੇ ਗਿਆਨ ਤੋਂ ਵੰਚਿਤ ਹੋਣਾ ਸੁਭਾਵਿਕ ਸੀ। ਇਸੇ ਲਈ ਇਹਨਾਂ ਦੀਆਂ ਰਚਨਾਵਾਂ ਤੇ ਸਾਹਿਤਕਤਾ ਦੇ ਨੀਵੇਂ ਪੱਧਰ ਦਾ ਦੋਸ਼ ਲਾਇਆ ਜਾਂਦਾ ਹੈ। ਡਾ. ਤਾਰਨ ਸਿੰਘ ਅਨੁਸਾਰ :-

> *'ਇਹਨਾਂ ਮਹਾਨ ਪੁਰਸ਼ਾਂ ਦੀ ਕਲਾ ਪੂਰਨ ਭਾਂਤ ਕੌਸ਼ਲ ਹੁੰਦਿਆਂ ਹੋਇਆਂ ਵੀ ਕਲਾ-ਰਹਿਤ ਸੀ। ਇਹ ਕੁਦਰਤ ਦੀ ਆਵਾਜ਼ ਸਨ ਕਿਉਂਕਿ ਇਹਨਾਂ ਨੇ ਨਾ ਪਿੰਗਲ ਪੜ੍ਹੇ, ਨਾ ਕਵਿਤਾ ਕਹਾਣੀ ਸਿੱਖੀ, ਨਾ ਛੰਦ ਅਭਿਆਸ ਕੀਤਾ, ਨਾ ਦਰਸ਼ਨ ਸ਼ਾਸਤਰਾਂ ਦਾ ਅਧਿਐਨ ਕੀਤਾ। ਕੇਵਲ ਆਪਣੀ ਸਮਾਧੀ ਵਿੱਚ ਇਹਨਾਂ ਪ੍ਰਭੂ ਨਾਲ ਗੱਲਾਂ ਕਰਕੇ ਵੇਖੀਆ, ਇਹਨਾਂ ਦੇ ਗੁਰੂਆਂ ਨੇ, ਇਹਨਾਂ ਦੇ ਮਸਤਕ ਤੇ ਹੱਥ ਰੱਖਿਆ ਇਹ ਸੰਸਾਰ ਦੀ ਪ੍ਰਥਮ ਸ਼੍ਰੇਣੀ ਦੇ ਕਵੀ ਉਹ ਪ੍ਰਗਟੇ।'*[2]

ਭਗਤਾਂ ਦੀਆਂ ਸਿੱਖਿਆਵਾਂ ਵਿੱਚ ਸਾਂਝੀਵਾਲਤਾ ਦਾ ਉਪਦੇਸ਼ ਹੋਣ ਕਰਕੇ ਰਾਸ਼ਟਰੀ ਏਕਤਾ ਦੀ ਸੁਰ ਵੀ ਸੁਰਜੀਤ ਹੋਈ। ਇਸੇ ਲਹਿਰ ਕਰਕੇ ਹੀ ਲੋਕਾਂ ਨੇ ਉਸ ਸਮੇਂ ਦੇ ਜਗੀਰਦਾਰਾਂ ਨੂੰ ਠੁਕਰਾਇਆ ਅਤੇ ਉਨ੍ਹਾਂ ਅੰਦਰ ਸਵੈ-ਮਾਨਤਾ ਦੀ ਚਿਣਗ ਜਾਗੀ।

ਭਗਤ ਨਾਮਦੇਵ ਵੀ ਇਸੇ ਭਗਤੀ ਲਹਿਰ ਨਾਲ ਹੀ ਜੁੜੇ ਸਨ ਉਹ ਗਿਆਨੇਸ਼ਵਰ ਦੇ ਸਮਕਾਲੀ ਸਨ। *"ਭਗਤੀ ਲਹਿਰ ਵਿੱਚ 'ਬੀਠਲ' ਭਗਤੀ ਦੇ*

*ਦਾਰਸ਼ਨਿਕ ਸਿਧਾਂਤਾਂ ਦੀ ਨੀਂਹ ਰੱਖਣ ਵਾਲੇ ਗਿਆਨੇਸ਼ਵਰ ਹੀ ਸਨ। ਉਹਨਾਂ ਦਾ ਦੇਹਾਂਤ ਛੋਟੀ ਉਮਰ ਵਿੱਚ ਹੀ ਹੋ ਗਿਆ ਸੀ। ਇਸ ਲਈ ਉਹ ਬੀਠਲ ਭਗਤੀ ਦਾ ਜ਼ਿਆਦਾ ਪ੍ਰਚਾਰ-ਪਸਾਰ ਨਹੀਂ ਕਰ ਸਕੇ। ਸੰਤ ਮੰਡਲੀ ਅਤੇ ਹੋਰ ਸੰਤਾਂ ਨੇ ਇਸ ਵਿੱਚ ਬਹੁਤ ਯੋਗਦਾਨ ਪਾਇਆ ਇਹਨਾਂ ਸੰਤਾਂ ਵਿੱਚੋਂ ਨਾਮਦੇਵ ,ਬਿਸੋਵਾ ਖੇਚਰ, ਗੋਰਾ ਘੁਮਾਰ, ਪਰਮਾਨੰਦ ਸ਼ੂਦਰ ਆਦਿ ਸਨ। ਇਹ ਸਾਰੇ ਭਗਤ ਵਧੇਰੇ ਕਰਕੇ ਸ਼ੂਦਰ ਜਾਤੀਆਂ ਵਿੱਚੋਂ ਸਨ। ਗਿਆਨੇਸ਼ਵਰ ਬ੍ਰਾਹਮਣ ਜਾਤੀ ਦੇ ਸਨ। ਬੀਠਲ ਭਗਤਾਂ ਵਿਚ ਇਸਤਰੀਆਂ ਅਤੇ ਸ਼ੂਦਰਾਂ ਨੂੰ ਵੀ ਬਰਾਬਰੀ ਦਾ ਦਰਜਾ ਸੀ।"[3] 'ਭਗਤ ਨਾਮਦੇਵ ਦਾ ਯੋਗਦਾਨ ਮਹਾਰਾਸ਼ਟਰ ਤੋਂ ਸਿਵਾ ਭਾਰਤ ਦੇ ਹੋਰ ਪ੍ਰਾਂਤਾਂ ਵਿੱਚ ਵੀ ਸਮਝਿਆ ਜਾਂਦਾ ਹੈ। ਉਹ ਬਾਕੀ ਸੰਤਾਂ ਭਗਤਾਂ ਨਾਲ ਰਟਨ ਵਿੱਚ ਉੱਤਰ ਪ੍ਰਦੇਸ਼, ਰਾਜਸਥਾਨ, ਪੰਜਾਬ ਵਿੱਚ ਵੀ ਆਏ। ਇਹਨਾਂ ਸੰਤਾਂ ਵਿੱਚੋਂ ਬਹੁਤ ਤੇ ਦੇਹਾਂਤ ਹੋ ਜਾਣ ਕਰਕੇ ਨਾਮਦੇਵ ਨੇ ਬੀਠਲ ਭਗਤੀ ਦਾ ਪ੍ਰਚਾਰ ਉੱਤਰੀ ਭਾਰਤ ਵਿੱਚ ਕਰਦੇ ਹੋਏ ਗੁਰਦਾਸਪੁਰ ਦੇ ਇਕ ਪਿੰਡ ਘੁਮਾਣ ਵਿੱਚ ਆ ਕੇ ਡੇਰਾ ਲਾ ਦਿੱਤਾ। ਇਥੇ ਉਸ ਨੇ ਬੀਠਲ ਭਗਤੀ ਦਾ ਪ੍ਰਚਾਰ ਤਕਰੀਬਨ ਆਪਣੇ ਦੇਹਾਂਤ 1350 ਈਸਵੀ ਤੱਕ ਕੀਤਾ।'[4]*

ਆਦਿ ਗ੍ਰੰਥ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਵੀ ਭਗਤ ਨਾਮਦੇਵ ਜੀ ਨਮਿੱਤ ਸ਼ਬਦ ਕਹੇ:-

*ਨਿਮਤ ਨਾਮਦੇਉ ਦੂਧੁ ਪੀਆਇਆ।।*

*ਤਉ ਜਗ ਜਨਮ ਸੰਕਟ ਨਹੀ ਆਇਆ।।2।।*[5]

ਗੁਰੂ ਜੀ ਨੇ ਇੱਥੇ ਹਰਿ-ਸਿਮਰਨ ਦੀ ਵਡਿਆਈ ਦੱਸੀ ਹੈ ਕਿ ਜਿਨ੍ਹਾਂ ਬੰਦਿਆਂ ਨੇ ਸੁਆਸ-ਸੁਆਸ ਪ੍ਰਭੂ ਨੂੰ ਯਾਦ ਰੱਖਿਆ, ਉਹਨਾਂ ਨੂੰ ਜਗਤ ਦੀ ਮਾਇਆ ਵਿਆਪ ਨਹੀਂ ਸਕੀ। ਇਸ ਵਿੱਚ ਉਹ ਦੱਸਦੇ ਹਨ ਕਿ ਨਾਮਦੇਵ ਜੀ ਨੇ ਭਗਤੀ ਕੀਤੀ ਤੇ ਉਹਨਾਂ ਨੇ ਪ੍ਰਭੂ ਨੂੰ ਵੱਸ ਵਿੱਚ ਕਰ ਲਿਆ। ਉਹਨਾਂ ਦੇ ਇਹ ਕਹੇ ਹੋਏ ਸ਼ਬਦ ਭਗਤ ਨਾਮਦੇਵ ਜੀ ਦੀ ਭਗਤੀ ਬਾਰੇ ਵਿਚਾਰ ਪ੍ਰਗਟ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਨਾਮਦੇਵ ਜੀ ਦੇ ਨਾ ਹੇਠ 61 ਸ਼ਬਦ ਦਰਜ ਹਨ ਜੋ ਕੇ ਵੱਖ ਵੱਖ 18 ਰਾਗਾਂ ਅਧੀਨ ਦਰਜ ਹਨ। ਜਿਨ੍ਹਾਂ ਦਾ ਵੇਰਵਾ ਇਸ ਤਰਾਂ ਹੈ:

| | |
|---|---|
| *ਰਾਗ ਗਉੜੀ- 1 ਸ਼ਬਦ* | *ਰਾਗ ਰਾਮਕਾਲੀ- 4 ਸ਼ਬਦ* |
| *ਰਾਗ ਆਸਾ- 5 ਸ਼ਬਦ* | *ਰਾਗ ਮਾਰੂ- 1 ਸ਼ਬਦ* |
| *ਰਾਗ ਗੂਜਰੀ- 2 ਸ਼ਬਦ* | *ਰਾਗ ਮਾਲੀ ਗਉੜੀ- 3ਸ਼ਬਦ* |
| *ਰਾਗ ਸੋਰਠਿ- 3 ਸ਼ਬਦ* | *ਰਾਗ ਭੈਰਉ- 12 ਸ਼ਬਦ* |
| *ਰਾਗ ਧਨਾਸਰੀ- 5 ਸ਼ਬਦ* | *ਰਾਗ ਬਸੰਤ- 3 ਸ਼ਬਦ* |
| *ਰਾਗ ਟੋਡੀ- 3 ਸ਼ਬਦ* | *ਰਾਗ ਸਾਰੰਗ- 3 ਸ਼ਬਦ* |
| *ਰਾਗ ਤਿਲੰਗ- 2 ਸ਼ਬਦ* | *ਰਾਗ ਮਲਾਰ- 2 ਸ਼ਬਦ* |
| *ਰਾਗ ਬਿਲਾਵਲ- 1 ਸ਼ਬਦ* | *ਰਾਗ ਕਾਨੜਾ- 1 ਸ਼ਬਦ* |
| *ਰਾਗ ਗੋਂਡ- 7 ਸ਼ਬਦ* | *ਰਾਗ ਪ੍ਰਭਾਤੀ- 3 ਸ਼ਬਦ* |

ਭਗਤ ਜੀ ਦੀ ਬਾਣੀ ਵਿੱਚ ਕੇਵਲ ਇੱਕੋ ਨਿਰੰਕਾਰ ਦੀ ਪੂਜਾ ਕਰਨ ਲਈ ਪ੍ਰੇਰਿਆ ਗਿਆ ਹੈ। ਉਹਨਾਂ ਨੇ ਆਪਣੀ ਬਾਣੀ ਰਾਹੀਂ ਹਿੰਦੂ ਅਤੇ ਮੁਸਲਮਾਨ ਦੋਵਾਂ ਨੂੰ ਹੀ ਇੱਕ ਨਿਰੰਕਾਰ ਨੂੰ ਪੂਜਣ ਲਈ ਕਿਹਾ ਹੈ।

*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ।।*

*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ।।*[6]

ਭਗਤ ਨਾਮਦੇਵ ਜੀ ਨੇ ਉਸੇ ਨਿਰੰਕਾਰ ਲਈ ਬੀਠਲ ਸ਼ਬਦ ਦੀ ਵਰਤੋਂ ਕੀਤੀ ਹੈ। ਇਹ ਸ਼ਬਦ ਮਹਾਰਾਸ਼ਟਰ ਦੇ ਉਸ ਇਲਾਕੇ ਵਿੱਚ ਇਟ ਤੇ ਖੜੇ ਕ੍ਰਿਸ਼ਨ ਜੀ ਦੀ ਮੂਰਤੀ ਲਈ ਵਰਤਿਆ ਜਾਂਦਾ ਸੀ। ਨਿਰਭੈ ਸਿੰਘ ਅਨੁਸਾਰ:-

*'ਮਹਾਰਾਸ਼ਟਰ ਦੀ ਲੋਕ ਰਵਾਇਤ ਅਨੁਸਾਰ ਇੱਕ ਵਾਰ ਕ੍ਰਿਸ਼ਨ ਭਗਵਾਨ ਰੁਕਮਨੀ ਦੀ ਤਲਾਸ਼ ਵਿੱਚ ਇੱਕ ਜੰਗਲ ਵਿੱਚ ਆ ਗਏ। ਜਦੋਂ ਉਹਨਾਂ ਨੇ ਪੁੰਡਲੀਕ ਰਿਸ਼ੀ ਨੂੰ ਆਪਣੇ ਮਾਤਾ ਪਿਤਾ ਦੀ ਮਾਲਿਸ਼ ਕਰਦੇ ਸੇਵਾ ਵਿੱਚ ਰੁੱਝੇ ਦੇਖਿਆ ਤਾਂ ਉਹ ਬੜੀ ਨੀਝ ਲਾਲ ਪਿੱਛੋਂ ਦੇਖਣ ਲੱਗੇ। ਪੁੰਡਲੀਕ ਰਿਸ਼ੀ ਨੇ ਜਦੋਂ ਪਿੱਛੋਂ ਦੈਵੀ ਪ੍ਰਕਾਸ਼ ਦੀ ਰੋਸ਼ਨੀ ਦੇਖੀ ਤਾਂ ਉਸ ਨੇ ਇੱਕ ਇੱਟ ਦੂਰ ਪਿੱਛੇ ਚਲਾ ਕੇ ਮਾਰੀ। ਉਸ ਇੱਟ ਉੱਤੇ ਖੜ ਕੇ ਕ੍ਰਿਸ਼ਨ ਢੱਕਾਂ ਤੇ ਹੱਥ ਰੱਖ ਕੇ ਦੇਰ ਤੱਕ ਤੱਕਦੇ ਰਹੇ। ਉਸ ਦਿਨ ਤੋਂ ਕ੍ਰਿਸ਼ਨ ਦਾ ਨਾਮ ਬੀਠਲ ਪੈ ਗਿਆ ਕਿਉਂਕਿ ਮਰਾਠੀ ਵਿੱਚ ਬੀਠ ਦਾ ਅਰਥ ਇੱਟ ਅਤੇ ਥਲ ਦਾ ਅਰਥ ਥਾਂ ਹੈ। ਇਸ ਲਈ ਜੋ ਕ੍ਰਿਸ਼ਨ ਇੱਟ ਉੱਤੇ ਖੜਾ ਸੀ ਉਸ ਨੂੰ ਬੀਠਲ ਕਹਿਣ ਲੱਗ ਪਏ। ਇਹ ਖਿਆਲ ਪੰਡਰਪੁਰ ਦੇ ਪਵਿੱਤਰ ਸਥਾਨ ਨਾਲ ਜੁੜਿਆ ਹੋਇਆ ਹੈ।'*[7]

ਗੁਰੂ ਸਾਹਿਬਾਨਾਂ ਨੇ ਵੀ ਬੀਠਲ ਸ਼ਬਦ ਪਰਮਾਤਮਾ ਲਈ ਵਰਤਿਆ ਹੈ: -

*ਨਾਮ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ।।*

*ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ ।।*

*ਜੀਵਤ ਰਾਮ ਕੇ ਗੁਣ ਗਾਇ।।*

*ਕਰਹੁ ਕਿਰਪਾ ਗੋਪਾਲ ਬੀਠੁਲੇ ਬਿਸਰਿ ਨ ਕਬ ਹੀ ਜਾਇ ।।1।। ਰਹਾਉ।।*[8]

ਨਾਮਦੇਵ ਜੀ ਨੇ ਆਪਣੀ ਬਾਣੀ ਵਿੱਚ ਚੇਤਨਾ ਨੂੰ ਕੇਂਦਰੀ ਸੰਕਲਪ ਵਜੋਂ ਪੇਸ਼ ਕੀਤਾ ਹੈ, ਬਾਕੀ ਸਭ ਚੇਤਨਾ ਦਾ ਹੀ ਪਸਾਰਾ ਹੈ। ਨਾਮਦੇਵ ਜੀ ਨੇ ਅਨੇਕਾਂ ਨੂੰ ਪਰਮ ਸੱਚ ਦੀ ਗਤੀਸ਼ੀਲਤਾ ਦੇ ਰੂਪ ਵਿੱਚ ਪੇਸ਼ ਕੀਤਾ ਹੈ।

*ਇਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ।।*

*ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ।।*[9]

ਨਾਮਦੇਵ ਜੀ ਦੀ ਬਾਣੀ ਇਹ ਸੰਦੇਸ਼ ਵੀ ਦਿੰਦੀ ਹੈ ਕਿ ਜੀਵ ਜਿੰਨਾ ਚਿਰ ਅਧਿਆਤਮਕ ਉਨਤੀ ਕਰਕੇ ਪੂਰੀ ਤਰਾਂ ਪਰਮ ਤੱਤ ਨਾਲ ਇੱਕ ਮਿਕ ਨਹੀਂ ਹੋ ਜਾਂਦਾ ਉਹ ਪਸ਼ੂ ਦੀ ਨਿਆਈ ਹੀ ਰਹਿੰਦਾ ਹੈ।

*ਠਾਕੁਰ ਤੇ ਜਨੁ ਜਨ ਤੇ ਠਾਕੁਰ ਖੇਲੁ ਪਰਿਓ ਹੈ ਤੇ ਸਿਉ॥1॥ ਰਹਾਉ॥*

*ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ॥*

*ਜਲ ਤੇ ਤਰੰਗ ਤਰੰਗ ਤੇ ਜਲੁ ਕਹਨ ਸੁਨਨ ਕਉ ਦੂਜਾ॥1॥*[10]

ਨਾਮਦੇਵ ਨੇ ਵੀਰ ਹੋਰ ਭਗਤਾਂ ਸਾਹਿਬਾਨਾਂ ਵਾਂਗ ਤੀਰਥਾਂ ਤੇ ਜੰਗਲਾਂ ਵਿੱਚ ਭਟਕਣ ਨੂੰ ਨਿੰਦਿਆ ਹੈ ਅਤੇ ਉਹਨਾਂ ਅਨੁਸਾਰ ਇਸ ਸਭ ਕੁਝ ਵਿੱਚੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਇਸ ਲਈ ਹਮੇਸ਼ਾ ਪ੍ਰਮਾਤਮਾ ਦੀ ਰਜਾ ਵਿੱਚ ਹੀ ਰਹਿਣਾ ਚਾਹੀਦਾ ਹੈ।

*ਜੌ ਰਾਜੁ ਦੇਹਿ ਤ ਕਵਨ ਬਡਾਈ॥*

*ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥*

*ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਵਾਨ॥*

*ਬਹੁਰਿ ਨ ਹੋਇ ਤੇਰਾ ਆਵਨ ਜਾਨੁ॥1॥ ਰਹਾਉ॥*[11]

ਨਾਮਦੇਵ ਜੀ ਅਨੁਸਾਰ ਧਾਰਮਿਕ ਪਾਖੰਡ ਕਰਨ ਤੋਂ ਵੀ ਕੁਝ ਪ੍ਰਾਪਤ ਨਹੀਂ ਹੁੰਦਾ ,ਸਗੋਂ ਉਹਨਾਂ ਨੇ ਵਰਜਿਆ ਹੈ। ਉਹਨਾਂ ਅਨੁਸਾਰ ਅੰਤਰਗਤ ਪੂਜਾ ਕਰਨ ਨਾਲ ਹੀ ਉਸ ਪਰਮ ਤੱਤ ਨਾਲ ਇੱਕ ਮਿਕ ਹੋਇਆ ਜਾ ਸਕਦਾ ਹੈ ।

*ਹਿੰਦੂ ਅੰਨ੍ਹਾ ਤੁਰਕੂ ਕਾਣਾ ॥*

*ਦੁਹਾਂ ਤੇ ਗਿਆਨੀ ਸਿਆਣਾ ॥*

*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥*

*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥4॥3॥7॥*[12]

ਭਗਤ ਜੀ ਨੇ ਬਾਣੀ ਰਾਹੀਂ ਊਚ ਨੀਚ ਦੀ ਜਾਤੀ ਵੰਡ ਦੇ ਖਿਲਾਫ ਵੀ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਖੁਦ ਛੀਪਾ ਜਾਤੀ ਵਿੱਚੋਂ ਹੋਣ ਕਰਕੇ ਉਹਨਾਂ ਨੂੰ ਘਿਰਨਾ ਨਾਲ ਵੇਖਿਆ ਜਾਂਦਾ ਸੀ ਅਤੇ ਸ਼ੂਦਰ ਸਮਝਿਆ ਜਾਂਦਾ ਸੀ। ਉਹ ਉਚ ਜਾਤੀ ਦੇ ਲੋਕਾਂ ਨੇ ਤਾਨਿਆ ਤੋਂ ਬਹੁਤ ਤੰਗ ਸੀ। *"ਪਾਂਡਿਆ ਨੇ ਉਨ੍ਹਾਂ ਨੂੰ ਮੰਦਰ ਵਿੱਚੋਂ ਇਹ ਕਹਿ ਕੇ ਬਾਹਰ ਕੱਢ ਦਿੱਤਾ ਸੀ ਕਿ ਸੂਦਰ ਮੰਦਰ ਅੰਦਰ ਭਗਤੀ ਨਹੀਂ ਕਰ ਸਕਦਾ।"*[13]

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*

*ਭਗਤਿ ਕਰਤ ਨਾਮਾ ਪਕਰਿ ਉਠਾਇਆ ॥1॥*

*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*

*ਛੀਪੇ ਕੇ ਜਨਮਿ ਕਾਹਿ ਕਉ ਆਇਆ ॥1॥ ਰਹਾਉ॥*[14]

ਨਾਮਦੇਵ ਜੀ ਦੀ ਬਾਣੀ ਪਰਮਾਤਮਾ ਨਾਲ ਜੀਵਆਤਮਾ ਦੇ ਸੰਬੰਧ ਬਾਰੇ ਬਿਆਨ ਕਰਦੀ ਹੈ ਕਿ ਆਤਮਾ ਤੇ ਪਰਮਾਤਮਾ ਅਸਲ ਵਿੱਚ ਇੱਕੋ ਹੀ ਹਨ। ਉਹ ਇੱਕ ਦੂਜੇ ਤੋਂ ਵੱਖਰੇ ਨਹੀਂ ਹਨ। ਇਸ ਲਈ ਨਾਮਦੇਵ ਜੀ ਮਾਧੋ ਭਾਵ ਪਰਮਾਤਮਾ ਨਾਲ ਹੀ ਸ਼ਰਤ ਲਗਾਉਣ ਦੀ ਗੱਲ ਕਰਦੇ ਹਨ:-

*ਕਾਏਂ ਰੇ ਮਨ ਬਿਖਿਆ ਬਨ ਜਾਇ ॥*

*ਭੂਲੌ ਰੇ ਠਗਮੂਰੀ ਖਾਇ ॥1॥ ਰਹਾਉ॥*

*ਜੈਸੇ ਮੀਨੁ ਪਾਨੀ ਮਹਿ ਰਹੈ ॥*

*ਕਾਲ ਜਾਲ ਕੀ ਸੁਧਿ ਨਹੀ ਲਹੈ ॥*

*ਜਿਹਬਾ ਸੁਆਦੀ ਲੀਲਿਤ ਲੋਹ ॥*

*ਐਸੇ ਕਨਿਕ ਕਾਮਨੀ ਬਾਧਿਓ ਮੋਹ ॥1॥*[15]

ਨਾਮਦੇਵ ਜੀ ਪ੍ਰਭੂ ਦਾ ਨਾਮ ਸਿਮਰਨ ਨੂੰ ਸਭ ਤੋਂ ਉੱਤਮ ਧਰਮ ਮੰਨਦੇ ਹਨ। ਉਹਨਾਂ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਸਭ ਤੋਂ ਉੱਤਮ ਸਾਧਨ ਹੀ ਨਾਮ ਸਿਮਰਨ ਹੈ, ਇਹ ਨਾਮ ਸਿਮਰਨ ਹੀ ਹੈ ਜਿਸ ਨਾਲ ਦੁੱਖ ਚਿੰਤਾ ਦੂਰ ਹੋ ਜਾਂਦੀ ਹੈ, ਮੌਤ ਦਾ ਭੈ ਖ਼ਤਮ ਹੁੰਦਾ ਹੈ, ਜਾਤ ਕੁਲ ਦਾ ਵਿਤਕਰਾ ਵੀ ਮੁੱਕਦਾ ਹੈ। ਉਹਨਾਂ ਦੇ ਮੱਤ ਅਨੁਸਾਰ ਤਾਂ ਨਾਮ ਸਿਮਰਨ ਨਾ ਕਰਨ ਵਾਲੇ ਨਾਲ ਬੈਠਣਾ ਵੀ ਨਹੀਂ ਚਾਹੀਦਾ:-

*ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥*

*ਮੈ ਗਰੀਬ ਮੈ ਮਸਕੀਨ ਤੇਰਾ ਨਾਮ ਹੈ ਅਧਾਰਾ ॥1॥ ਰਹਾਉ॥*

*ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥*

*ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥1॥*[16]

*ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥1॥*

*ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥*

*ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥1॥ਰਹਾਉ॥*

*ਨਾਮਦੇਇ ਸਿਮਰਨੁ ਕਰਿ ਜਾਨਾਂ॥*

*ਜਗਜੀਵਨ ਸਿਉ ਜੀਉ ਸਮਾਨਾਂ ॥2॥1॥*[17]

ਉਹਨਾਂ ਅਨੁਸਾਰ ਇਹ ਸਿਮਰਨ ਇਹ ਹੀ ਹੈ ਜਿਸ ਨਾਲ ਨੀਚ ਕਹੇ ਜਾਣ ਵਾਲੇ ਮਨੁੱਖ ਵੀ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ। ਇਸ ਤੋਂ ਵੀ ਅੱਗੇ ਉਹਨਾਂ ਨੇ ਨਾਮ ਸਿਮਰਨ ਦੇ ਢੰਗ ਵੀ ਦੱਸੇ ਹਨ। ਉਹਨਾਂ ਅਨੁਸਾਰ ਨਾਮ ਸਿਮਰਨ ਲਈ ਕਦੀ ਵੀ ਕੰਮ ਨਹੀਂ ਛੱਡਣਾ ਚਾਹੀਦਾ, ਸਗੋਂ ਸੰਸਾਰੀ ਕੰਮਾਂ ਕਾਰਾਂ ਵਿੱਚ ਲੱਗ ਕੇ ਵੀ ਨਾਮ ਸਿਮਰਿਆ ਜਾ ਸਕਦਾ ਹੈ। ਆਪਣੇ ਫਰਜ ਨਿਭਾਉਂਦੇ ਹੋਏ ਵੀ ਤੁਸੀਂ ਨਾਮ ਸਿਮਰਨ ਵਿੱਚ ਆਪਣੀ ਸੁਰਤੀ ਜੋੜ ਕੇ ਰੱਖ

ਸਕਦੇ ਹੋ। ਉਹ ਇਸ ਲਈ ਪਤੰਗ ਪੜਾਉਣ ਵਾਲੇ ਬੱਚੇ ਦਾ ਉਦਾਹਰਨ ਵੀ ਦਿੰਦੇ ਹਨ, ਸੁਨਿਆਰੇ ਦਾ ਉਦਾਹਰਨ ਦਿੰਦੇ ਹਨ, ਸਿਰ ਤੇ ਘੜਾ ਚੁੱਕੀ ਆਉਂਦੀ ਮੁਟਿਆਰ ਦਾ ਉਦਾਹਰਨ ਵੀ ਦਿੰਦੇ ਹਨ, ਘਰ ਵਿੱਚ ਸਾਰਾ ਕੰਮ ਕਰਨ ਵਾਲੀ ਮਾਤਾ ਦਾ ਉਦਾਹਰਨ ਵੀ ਦਿੰਦੇ ਹਨ:-

*ਅਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਆਲੇ॥*

*ਪੰਚ ਜਨਾ ਸਿਉ ਬਾਤ ਬਤਊਆ ਚੀਤ ਸੁ ਡੋਰੀ ਰਾਖੀਅਲੇ ॥1॥*

*ਮਨੁ ਰਾਮ ਨਾਮਾ ਬੇਧੀਅਲੇ ॥*

*ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥1॥ ਰਹਾਉ ॥*[18]

ਨਾਮਦੇਵ ਜੀ ਨਾਮ ਸਿਮਰਨ ਲਈ ਸੱਚੇ ਦਿਲ ਦੀ ਗੱਲ ਕਰਦੇ ਹਨ ਉਹਨਾਂ ਮੁਤਾਬਕ ਨਾਮ ਸਿਮਰਨ ਕੇਵਲ ਦਿਖਾਵੇ ਜਾਂ ਪਖੰਡ ਲਈ ਨਹੀਂ ਹੋਣਾ ਚਾਹੀਦਾ ਸਗੋਂ ਸੱਚੇ ਦਿਲੋਂ ਸਿਮਰਨ ਕਰਨ ਤੇ ਹੀ ਭਗਤ ਦੇ ਹਿਰਦੇ ਵਿੱਚ ਪ੍ਰਭੂ ਪ੍ਰੀਤ ਉਪਜਦੀ ਹੈ ਤੇ ਪ੍ਰਭੂ ਵੀ ਉਸ ਦੇ ਸਾਰੇ ਦੁੱਖ ਕਸ਼ਟ ਮਿੰਟਾਂ ਵਿੱਚ ਹੀ ਦੂਰ ਕਰ ਦਿੰਦਾ ਹੈ

*ਸਾਹਿਬ ਸੰਕਟਵੈ ਸੇਵਕੁ ਭਜੈ॥*

*ਚਿਰੰਕਾਲ ਨ ਜੀਵੈ ਦੋਊ ਕੁਲ ਲਜੈ॥1॥*

*ਤੇਰੀ ਭਗਤ ਨ ਛੋਡਉ ਭਾਵੈ ਲੋਗੁ ਹਸੈ॥*

*ਚਰਨ ਕਮਲ ਮੇਰੇ ਹੀਅਰੇ ਬਸੈਂ॥1॥ ਰਹਾਉ॥*

*ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ॥*

*ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ॥2॥*

*ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ॥*

*ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ॥3॥1॥*[19]

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਭਗਤੀ ਦਾ ਕੇਂਦਰ ਬਾਣੀ ਹੋਣਾ ਅਤੇ ਤਾਰਕਿਕ ਪੱਖ ਇਸ ਨੂੰ ਵਿਲੱਖਣ ਰੂਪ ਬਖ਼ਸ਼ਦਾ ਹੈ। ਨਾਮ ਸਿਮਰਨ ਅਤੇ ਸ਼ਬਦ ਇਸ ਦਾ ਮੁੱਖ ਰਾਹ ਹੈ। ਸ਼ਬਦ ਦੀ ਵਿਚਾਰ ਇਸ ਦਾ ਤਰਕ ਪੱਖ ਹੈ ਜੋ ਮਨੁੱਖ ਨੂੰ ਬਾਣੀ ਨਾਲ ਜੋੜਦਾ ਹੈ। ਇਸ ਤਰ੍ਹਾਂ ਤਰਕ ਰਾਹੀਂ ਪੈਦਾ ਹੋਇਆ ਵਿਸ਼ਵਾਸ ਮਨੁੱਖ ਦੇ ਵਿਅਕਤੀਤਵ ਦਾ ਹਿੱਸਾ ਬਣ ਜਾਂਦਾ ਹੈ। ਉਹ ਕਰਮਕਾਂਡੀ ਨਹੀਂ ਰਹਿੰਦਾ। ਇਸ ਤਰ੍ਹਾਂ ਆਦਰਸ਼ ਅਤੇ ਅਮਲ ਵਿੱਚ ਕੋਈ ਵਿੱਥ ਨਹੀਂ ਰਹਿੰਦੀ ਅਤੇ ਮਨੁੱਖ ਦੀ ਕਹਿਣੀ ਅਤੇ ਕਰਨੀ ਇੱਕ ਹੋ ਜਾਂਦੀ ਹੈ। ਭਗਤ ਨਾਮਦੇਵ ਜੀ ਦੀ ਭਗਤੀ ਸਾਧਨਾ ਦਾ ਇੱਕ ਸੁਖਾਵਾਂ ਤੇ ਮਿੱਠਾ ਫਲ ਉਹਨਾਂ ਵੱਲੋਂ ਪ੍ਰਚਾਰਿਆਂ ਸਮਾਜਿਕ ਕੀਮਤਾਂ ਹਨ ਤੇ ਇਹ ਸੱਚ ਮਨੁੱਖੀ ਸਮਾਨਤਾ ਤੇ ਮਨੁੱਖੀ ਏਕਤਾ ਪਿਆਰ ਵਾਲਾ ਭਾਵ ਇਨਸਾਨੀ ਖੁੱਲ ਤੇ ਸਰਬੱਤ ਦੇ ਭਲੇ ਉੱਪਰ ਅਧਾਰਿਤ ਹਨ। ਇਹ ਅੱਜ ਵੀ ਉੱਨ੍ਹੀਆਂ ਹੀ ਪ੍ਰਸੰਗਕ ਹਨ ਜਿੰਨੀਆਂ ਕਿ ਪਹਿਲਾਂ ਸਨ। ਭਗਤ ਜੀ ਦੀ ਬਾਣੀ ਦਾ ਆਦਰਸ਼ ਪਰਮ ਸੱਤ ਵਿੱਚ ਅਭੇਦ ਹੋਣਾ ਹੈ ਇਸ ਲਈ ਕੁਦਰਤੀ ਹੈ ਕੀ ਉਸ ਵਰਗਾ ਹੋਣ ਲਈ ਆਪਣੇ ਵਿੱਚ ਉਹੋ ਜਿਹੇ ਗੁਣ ਪੈਦਾ ਕੀਤੇ ਜਾਣ ਇਹ ਗੁਣ ਜ਼ਿੰਦਗੀ ਤੋਂ ਭੱਜ ਕੇ ਜਾਂ ਸੰਨਿਆਸ ਲੈ ਕੇ ਪੈਦਾ ਨਹੀਂ ਕੀਤੇ ਜਾ ਸਕਦੇ ਇਹਨਾਂ ਨੂੰ ਤਾਂ ਜਲ ਵਿੱਚ ਕਮਲ ਫੁੱਲ ਦੀ ਤਰ੍ਹਾਂ ਰਹਿੰਦਿਆਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਭਗਤ ਜੀ ਦੀ ਬਾਣੀ ਜਿੱਥੇ ਨਾਮ ਸਿਮਰਨ ਦਾ ਰਾਹ ਦੱਸਦੀ ਹੈ ਉਥੇ ਮਨੁੱਖ ਲਈ ਸਦਾਚਾਰਕ ਜੀਵਨ ਜਾਂਚ ਵੀ ਸਿਰਜਦੀ ਹੈ। ਭਗਤਾਂ ਨੇ ਆਪਣੀਆਂ ਸਿੱਖਿਆਵਾਂ ਨੂੰ ਸਾਧ ਭਾਸ਼ਾ ਵਿੱਚ ਪ੍ਰਚਾਰਿਆ। ਇਸ ਭਾਸ਼ਾ ਨੂੰ ਸੰਦੂਕੜੀ ਭਾਸ਼ਾ ਵੀ ਕਹਿੰਦੇ ਹਨ ਕਿਉਂਕਿ ਇਹਨਾਂ ਭਗਤਾਂ ਦੀ ਬਾਣੀ ਅੰਦਰ ਮਹਾਂਪੁਰਖਾਂ ਦੇ ਅਨਮੋਲ ਪ੍ਰਵਚਨ ਇਕੱਠੇ ਕਰਕੇ ਸੰਭਾਲੇ ਜਾਂਦੇ ਸਨ। ਇਹ ਭਾਸ਼ਾ ਆਮ ਲੋਕਾਂ ਦੀਆਂ ਬੋਲੀਆਂ ਦੇ ਨੇੜੇ ਹੋਣ ਕਰਕੇ ਸਹਿਜੇ ਸਮਝੀ ਜਾ ਸਕਦੀ ਸੀ।

## ਹਵਾਲੇ ਅਤੇ ਟਿੱਪਣੀਆਂ


1. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ ਨੰ: 23
2. ਬਲਕਾਰ ਸਿੰਘ(ਸੰਪਾ), ਸਿੱਖ ਧਰਮ ਚਿੰਤਨ ਵਿੱਚ ਭਗਤੀ, ਪੰਨਾ ਨੰ: 54
3. ਨਿਰਭੈ ਸਿੰਘ, ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ, ਪੰਨਾ ਨੰ: 83
4. ਉਹੀ, ਪੰਨਾ ਨੰ: 69
5. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ: 487
6. ਉਹੀ, ਪੰਨਾ ਨੰ: 874-875
7. ਨਿਰਭੈ ਸਿੰਘ, ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ, ਪੰਨਾ ਨੰ:84
8. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ: 925
9. ਉਹੀ, ਪੰਨਾ ਨੰ: 485
10. ਉਹੀ, ਪੰਨਾ ਨੰ: 1252
11. ਉਹੀ, ਪੰਨਾ ਨੰ: 525
12. ਉਹੀ, ਪੰਨਾ ਨੰ: 875
13. ਨਿਰਭੈ ਸਿੰਘ, ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ, ਪੰਨਾ ਨੰ: 89
14. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਨੰ: 1164
15. ਉਹੀ, ਪੰਨਾ ਨੰ: 1252
16. ਉਹੀ, ਪੰਨਾ ਨੰ: 727
17. ਉਹੀ, ਪੰਨਾ ਨੰ: 858
18. ਉਹੀ, ਪੰਨਾ ਨੰ: 972
19. ਉਹੀ, ਪੰਨਾ ਨੰ:1195